# ਐਮਪੌਕਸ ਵੈਕਸੀਨ

## Mpox vaccine

### ਐਮਪੌਕਸ (Mpox) ਵੈਕਸੀਨ ਕੀ ਹੈ?

ਐਮਪੌਕਸ (ਪਹਿਲਾਂ ਮੰਕੀਪੌਕਸ) ਵੈਕਸੀਨ, ਐਮਪੌਕਸ ਦਾ ਕਾਰਨ ਬਣਨ ਵਾਲੇ ਵਾਇਰਸ ਤੋਂ ਹੋਣ ਵਾਲੀ ਲਾਗ ਤੋਂ ਬਚਾਉਂਦੀ ਹੈ। ਜੇਕਰ ਤੁਸੀਂ ਵਾਇਰਸ ਦੇ ਸੰਪਰਕ ਵਿੱਚ ਆਉਂਦੇ ਹੋ, ਤਾਂ ਇਹ ਵੈਕਸੀਨ ਬਿਮਾਰੀ ਨੂੰ ਰੋਕ ਸਕਦੀ ਹੈ ਜਾਂ ਬਿਮਾਰੀ ਨੂੰ ਘੱਟ ਗੰਭੀਰ ਬਣਾ ਸਕਦੀ ਹੈ। ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

### ਵੈਕਸੀਨ ਕਿਸਨੂੰ ਲਗਵਾਉਣੀ ਚਾਹੀਦੀ ਹੈ?

ਵੈਕਸੀਨ ਐਮਪੌਕਸ ਲਾਗ ਦੇ ਉੱਚ ਜੋਖਮ ਵਾਲੇ ਲੋਕਾਂ ਲਈ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ ਜਿਸ ਵਿੱਚ ਸ਼ਾਮਲ ਹਨ:

- ਟੂ-ਸਪਿਰਿਟ, ਟ੍ਰਾਂਸਜੈਂਡਰ, ਗੈਰ-ਬਾਈਨਰੀ ਲੋਕ ਜਾਂ ਸਿਸਜੈਂਡਰ ਪੁਰਸ਼ ਜੋ ਗੇ, ਬਾਇਸੈਕਸੁਅਲ ਅਤੇ ਹੋਰ ਮਰਦਾਂ ਨਾਲ ਸੈਕਸ ਕਰਨ ਵਾਲੇ ਮਰਦਾਂ ਦੇ ਭਾਈਚਾਰੇ ਨਾਲ ਸਬੰਧਤ ਹਨ:
  - ਜੋ ਇੱਕ ਤੋਂ ਵੱਧ ਸਾਥੀਆਂ ਨਾਲ ਸੈਕਸ ਕਰਦੇ ਹਨ
  - ਜੋ ਕਿਸੇ ਅਜਿਹੇ ਸਾਥੀ ਨਾਲ ਸੈਕਸ ਕਰੋ ਜਿਸਦੇ ਇੱਕ ਤੋਂ ਵੱਧ ਸੈਕਸ ਸਾਥੀ ਹਨ
  - ਜਿਨ੍ਹਾਂ ਨੂੰ ਪਿਛਲੇ ਵਿੱਚ ਸਾਲ ਜਿਨਸੀ ਤੌਰ 'ਤੇ ਸੰਚਾਰਿਤ ਲਾਗ ਹੋਈ ਸੀ
  - ਜੋ ਆਮ (casual) ਸੈਕਸ ਕਰਦੇ ਹਨ
  - ਜੋ ਸੈਕਸ-ਆਨ-ਪ੍ਰੇਮਿਸਿਸ (sex-on-premises) ਥਾਵਾਂ 'ਤੇ ਜਿਨਸੀ ਸੰਪਰਕ ਵਿੱਚ ਸ਼ਾਮਲ ਹੁੰਦੇ ਹਨ
  - ਜੋ ਸੈਕਸ ਵਰਕਰਾਂ ਨਾਲ ਸੈਕਸ ਕਰਦੇ ਹਨ
- ਉਪਰੋਕਤ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਕਿਸੇ ਵੀ ਵਿਅਕਤੀ ਦੇ ਜਿਨਸੀ ਸਾਥੀ
- ਸੈਕਸ ਵਰਕਰ
- ਸੈਕਸ-ਆਨ-ਪ੍ਰੇਮਿਸਿਸ (sex-on-premises) ਥਾਵਾਂ 'ਤੇ ਸਟਾਫ਼ ਜਾਂ ਵਲੰਟੀਅਰ
- ਉਹ ਲੋਕ ਜੋ ਸੈਕਸ ਟੂਰਿਜ਼ਮ ਵਿੱਚ ਸ਼ਾਮਲ ਹੁੰਦੇ ਹਨ
- ਉਹ ਲੋਕ ਜੋ ਉਪਰੋਕਤ ਕਿਸੇ ਵੀ ਸਥਿਤੀ ਦਾ ਅਨੁਭਵ ਕਰਨ ਦੀ ਉਮੀਦ ਕਰਦੇ ਹਨ
- ਐਮਪੌਕਸ ਦੀਆਂ ਆਉਟਬ੍ਰੇਕਾਂ ਦੌਰਾਨ ਸਹਾਇਤਾ ਲਈ ਯਾਤਰਾ ਕਰ ਰਹੇ ਕਨੇਡੀਅਨ ਸਿਹਤ ਪੇਸ਼ੇਵਰ

ਜੇਕਰ ਜਨਤਕ ਸਿਹਤ ਦੁਆਰਾ ਤੁਹਾਨੂੰ ਐਮਪੌਕਸ ਵਾਲੇ ਕਿਸੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਜੋਂ ਪਛਾਣਿਆ ਗਿਆ ਹੈ, ਤਾਂ ਇਹ ਸਿਫਾਰਸ਼ ਕੀਤੀ ਜਾ ਸਕਦੀ ਹੈ ਕਿ ਤੁਸੀਂ ਵੈਕਸੀਨ ਲਗਵਾਓ।

### ਵੈਕਸੀਨ ਕਿਵੇਂ ਦਿੱਤੀ ਜਾਂਦੀ ਹੈ?

ਵੈਕਸੀਨ ਘੱਟੋ-ਘੱਟ 4 ਹਫ਼ਤਿਆਂ ਦੇ ਅੰਤਰਾਲ 'ਤੇ 2 ਖੁਰਾਕਾਂ ਦੀ ਲੜੀ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ।

ਪ੍ਰਾਪਤ ਹੋਏ ਸਾਰੇ ਟੀਕਾਕਰਨਾਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

### ਵੈਕਸੀਨ ਦੇ ਕੀ ਲਾਭ ਹਨ?

ਵੈਕਸੀਨ ਐਮਪੌਕਸ ਨੂੰ ਰੋਕ ਸਕਦੀ ਹੈ ਜਾਂ ਬਿਮਾਰੀ ਨੂੰ ਘੱਟ ਗੰਭੀਰ ਬਣਾ ਸਕਦੀ ਹੈ। ਇਸ ਨਾਲ ਤੁਹਾਡੇ ਦੁਆਰਾ ਦੂਜਿਆਂ ਨੂੰ ਐਮਪੌਕਸ ਦੇਣ ਦੀ ਸੰਭਾਵਨਾ ਘੱਟ ਜਾਂਦੀ ਹੈ।

### ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਵੈਕਸੀਨ ਬਹੁਤ ਸੁਰੱਖਿਅਤ ਹੈ। ਵੈਕਸੀਨ ਲਗਵਾਉਣਾ ਐਮਪੌਕਸ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।ਕਸੀਨ ਕਰਕੇ ਤੁਹਾਨੂੰ ਐਮਪੌਕਸ ਨਹੀਂ ਹੋ ਸਕਦਾ। ਵੈਕਸੀਨ ਪ੍ਰਤੀ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ 'ਤੇ ਦਰਦ, ਲਾਲੀ, ਸੋਜ, ਖੁਜਲੀ ਅਤੇ ਗੰਢ (lump) ਸ਼ਾਮਲ ਹੋ ਸਕਦੀ ਹੈ। ਹੋਰ ਪ੍ਰਤੀਕ੍ਰਿਆਵਾਂ ਵਿੱਚ ਥਕਾਵਟ, ਸਿਰ ਦਰਦ, ਬੁਖ਼ਾਰ, ਠੰਡ ਲੱਗਣਾ, ਮਾਸਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ, ਮਤਲੀ ਅਤੇ ਭੁੱਖ ਨਾ ਲੱਗਣਾ ਸ਼ਾਮਲ ਹਨ। ਐਟੋਪਿਕ ਡਰਮੇਟਾਇਟਸ (ਇੱਕ ਕਿਸਮ ਦੀ ਚੰਬਲ) ਵਾਲੇ ਲੋਕਾਂ ਵਿੱਚ ਵੈਕਸੀਨ ਪ੍ਰਤੀ ਪ੍ਰਤੀਕ੍ਰਿਆਵਾਂ ਵਧੇਰੇ ਆਮ ਹਨ।

> ਅਸੀਟਾਮੇਨੋਫੇਨ (acetaminophen) (ਉਦਾਹਰਣ ਲਈ ਟਾਇਲੇਨੋਲ (Tylenol®)) ਜਾਂ ਆਈਬਿਊਪ੍ਰੋਫੇਨ (ਬ੍ਰਿਪਰੋਫਇਨ*) (ਉਦਾਹਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਰੇਏ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਾਹਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ HealthLinkBC File #84 ਰੇਏ ਸਿੰਡਰੋਮ 'ਤੇ ਜਾਓ।

ਜੇਕਰ ਤੁਹਾਨੂੰ ਵੈਕਸੀਨ ਲਗਵਾਉਣ ਤੋਂ ਬਾਅਦ ਵਿਕਸਤ ਹੋਣ ਵਾਲੇ ਕੋਈ ਵੀ ਲੱਛਣਾਂ ਬਾਰੇ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ ਸਲਾਹ ਲਈ **8-1-1**'ਤੇ ਕਾਲ ਕਰੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲ੍ਹਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਕਿਸਨੂੰ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ?

ਜੇਕਰ ਤੁਹਾਨੂੰ ਇਹਨਾਂ ਤੋਂ ਜਾਨਲੇਵਾ ਅਲਰਜਿਕ ਪ੍ਰਤੀਕ੍ਰਿਆ ਹੋਈ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ:

- ਚੇਚਕ ਜਾਂ ਐਮਪੌਕਸ ਵੈਕਸੀਨ ਦੀ ਪਿਛਲੀ ਖੁਰਾਕ
- ਐਮਪੌਕਸ ਵੈਕਸੀਨ ਦਾ ਕੋਈ ਵੀ ਹਿੱਸਾ ਜਿਸ ਵਿੱਚ ਸਿਪ੍ਰੋਫਲੋਕਸਸੀਨ, ਜੈਨਟਾਮਾਈਸਿਨ ਜਾਂ ਚਿਕਨ ਪ੍ਰੋਟੀਨ ਸ਼ਾਮਲ ਹੈ

ਜ਼ੁਕਾਮ ਜਾਂ ਹੋਰ ਹਲਕੀ ਬਿਮਾਰੀ ਦੇ ਕਾਰਨ ਟੀਕਾਕਰਨ ਕਰਵਾਉਣ ਵਿੱਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ। ਪਰ, ਜੇ ਤੁਹਾਨੂੰ ਕੋਈ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਕੀ ਵੈਕਸੀਨ ਲਗਵਾਉਣ ਬਾਰੇ ਵਿਚਾਰ ਕਰਨ ਵਾਲੀਆਂ ਕੋਈ ਹੋਰ ਗੱਲਾਂ ਹਨ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ:

- ਤੁਹਾਡੀ ਸਰੀਰਕ ਸੁਰੱਖਿਆ ਪ੍ਰਣਾਲੀ ਬੀਮਾਰੀ ਜਾਂ ਮੈਡੀਕਲ ਇਲਾਜ ਕਰਕੇ ਕਮਜ਼ੋਰ ਹੈ
- ਤੁਸੀਂ ਗਰਭਵਤੀ ਹੋ ਜਾਂ ਦੁੱਧ ਚੁੰਘਾ ਰਹੇ ਹੋ

## ਐਮਪੌਕਸ ਕੀ ਹੈ?

ਐਮਪੌਕਸ, ਐਮਪੌਕਸ ਵਾਇਰਸ ਕਾਰਨ ਹੋਣ ਵਾਲੀ ਬਿਮਾਰੀ ਹੈ। ਇਹ ਆਮ ਤੌਰ 'ਤੇ ਇੱਕ ਹਲਕੀ ਬਿਮਾਰੀ ਹੁੰਦੀ ਹੈ ਅਤੇ ਜ਼ਿਆਦਾਤਰ ਲੋਕ ਕੁਝ ਹਫ਼ਤਿਆਂ ਬਾਅਦ ਆਪਣੇ ਆਪ ਠੀਕ ਹੋ ਜਾਂਦੇ ਹਨ। ਬੱਚੇ, ਗਰਭਵਤੀ ਲੋਕ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ ਨੂੰ ਵਧੇਰੇ ਗੰਭੀਰ ਬਿਮਾਰੀ ਹੋ ਸਕਦੀ ਹੈ। ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਐਮਪੌਕਸ ਦੇ ਲੱਛਣ ਵਿਕਸਤ ਹੋਣ ਵਿੱਚ 21 ਦਿਨ ਲੱਗ ਸਕਦੇ ਹਨ।

## ਐਮਪੌਕਸ ਦੇ ਲੱਛਣ ਕੀ ਹਨ?

ਐਮਪੌਕਸ ਦੇ ਲੱਛਣ 2 ਪੜਾਵਾਂ ਵਿੱਚ ਹੁੰਦੇ ਹਨ। ਪਹਿਲੇ ਪੜਾਅ ਵਿੱਚ, ਲੱਛਣਾਂ ਵਿੱਚ ਬੁਖਾਰ, ਠੰਡ ਲੱਗਣਾ, ਤੇਜ਼ ਸਿਰ ਦਰਦ, ਸੁੱਜੇ ਹੋਏ ਲਿੰਫ ਨੋਡ, ਪਿੱਠ ਦਰਦ, ਮਾਸਪੇਸ਼ੀਆਂ ਵਿੱਚ ਦਰਦ ਅਤੇ ਕਮਜ਼ੋਰੀ ਜਾਂ ਊਰਜਾ ਦੀ ਕਮੀ ਸ਼ਾਮਲ ਹੋ ਸਕਦੇ ਹਨ। ਹੋਰ ਲੱਛਣਾਂ ਵਿੱਚ ਗਲੇ ਵਿੱਚ ਖਰਾਸ਼, ਖੰਘ, ਮਤਲੀ, ਉਲਟੀਆਂ ਜਾਂ ਦਸਤ ਸ਼ਾਮਲ ਹੋ ਸਕਦੇ ਹਨ। ਬਿਮਾਰੀ ਦਾ ਦੂਜਾ ਪੜਾਅ ਪਹਿਲੇ ਪੜਾਅ ਦੇ ਲੱਛਣਾਂ ਦੇ ਪ੍ਰਗਟ ਹੋਣ ਤੋਂ ਲਗਭਗ ਇੱਕ ਤੋਂ 3 ਦਿਨਾਂ ਬਾਅਦ ਸ਼ੁਰੂ ਹੁੰਦਾ ਹੈ। ਦੂਜੇ ਪੜਾਅ ਦੇ ਲੱਛਣਾਂ ਵਿੱਚ ਇੱਕ ਧੱਫੜ ਸ਼ਾਮਲ ਹਨ, ਜੋ ਅਕਸਰ ਚਿਹਰੇ, ਲੱਤਾਂ ਜਾਂ ਬਾਹਾਂ ਤੋਂ ਸ਼ੁਰੂ ਹੁੰਦੇ ਹਨ। ਇਹ ਸਰੀਰ ਦੇ ਹੋਰ ਹਿੱਸਿਆਂ ਜਿਵੇਂ ਕਿ ਹੱਥਾਂ, ਪੈਰਾਂ, ਮੂੰਹ, ਜਣਨ ਅੰਗਾਂ ਅਤੇ ਗੁਦੇ 'ਤੇ ਵੀ ਦਿਖਾਈ ਦੇ ਸਕਦੇ ਹਨ। ਸਮੇਂ ਦੇ ਨਾਲ ਧੱਫੜ ਦਿੱਖ ਵਿੱਚ ਉੱਠੇ ਹੋਏ ਧੱਬਿਆਂ ਤੋਂ ਤਰਲ ਨਾਲ ਭਰੇ ਛੋਟੇ ਛਾਲਿਆਂ ਜਾਂ ਜ਼ਖਮਾਂ ਵਿੱਚ ਬਦਲ ਜਾਂਦੇ ਹਨ ਜਿਸ ਤੇ ਪਪੜੀ ਬਣ ਜਾਏਗੀ ਅਤੇ ਉਤਰ ਜਾਵੇਗੀ। ਐਮਪੌਕਸ ਦੇ ਲੱਛਣ 2 ਤੋਂ 4 ਹਫ਼ਤੇ ਰਹਿ ਸਕਦੇ ਹਨ।

ਕੁਝ ਲੋਕ ਲੱਛਣਾਂ ਦਾ ਅਨੁਭਵ ਵੱਖਰੇ ਢੰਗ ਨਾਲ ਕਰਦੇ ਹਨ। ਉਦਾਹਰਣ ਵਜੋਂ, ਸੰਭਵ ਹੋ ਕਿ ਉਨ੍ਹਾਂ ਵਿੱਚ ਪਹਿਲੇ ਪੜਾਅ ਦੇ ਲੱਛਣ ਨਾ ਹੋਣ, ਪਰ ਉਹ ਜ਼ਖਮ ਵਿਕਸਤ ਕਰਨਗੇ। ਉਨ੍ਹਾਂ ਦੇ ਸਰੀਰ ਦੇ ਸਿਰਫ਼ ਇੱਕ ਜਾਂ ਕੁਝ ਹਿੱਸਿਆਂ 'ਤੇ ਜ਼ਖਮ ਹੋ ਸਕਦੇ ਹਨ।

## ਐਮਪੌਕਸ ਕਿਵੇਂ ਫੈਲਦਾ ਹੈ?

ਐਮਪੌਕਸ ਜ਼ਖਮਾਂ, ਜ਼ਖਮਾਂ ਵਿੱਚੋਂ ਨਿਕਲਣ ਵਾਲੇ ਤਰਲ ਪਦਾਰਥਾਂ ਜਾਂ ਬਿਸਤਰੇ, ਕੱਪੜੇ ਜਾਂ ਤੌਲੀਏ ਵਰਗੀਆਂ ਚੀਜ਼ਾਂ ਨੂੰ ਛੂਹਣ ਨਾਲ ਫੈਲ ਸਕਦਾ ਹੈ ਜਿਨ੍ਹਾਂ 'ਤੇ ਐਮਪੌਕਸ ਵਾਇਰਸ ਹੈ। ਇਹ ਐਮਪੌਕਸ ਵਾਲੇ ਵਿਅਕਤੀ ਦੇ ਖੰਘਣ ਜਾਂ ਛਿੱਕਣ 'ਤੇ ਨਜ਼ਦੀਕੀ ਆਹਮੋ-ਸਾਹਮਣੇ ਸੰਪਰਕ ਰਾਹੀਂ ਵੀ ਫੈਲ ਸਕਦਾ ਹੈ। ਐਮਪੌਕਸ ਵਾਲਾ ਵਿਅਕਤੀ ਲੱਛਣ ਹੋਣ ਦੇ ਦੌਰਾਨ ਵਾਇਰਸ ਨੂੰ ਦੂਜਿਆਂ ਵਿੱਚ ਫੈਲਾ ਸਕਦਾ ਹੈ ਅਤੇ ਜਦੋਂ ਤੱਕ ਉਹਨਾਂ ਦੀ ਚਮੜੀ 'ਤੇ ਸਾਰੀਆਂ ਪਪੜੀਆਂ ਉਤਰ ਨਹੀਂ ਜਾਂਦੀਆਂ ਅਤੇ ਨਵੀਂ ਚਮੜੀ ਨਹੀਂ ਬਣ ਜਾਂਦੀ।

BC Centre for Disease Control
Provincial Health Services Authority